Washington State Health Care Authority

Washington State Department of Social & Health Services
Transforming lives

# ਪੱਖਪਾਤ ਕਰਨਾ ਕਾਨੂੰਨ ਦੇ ਖ਼ਿਲਾਫ਼ ਹੈ

ਵਾਸ਼ਿੰਗਟਨ ਸਟੇਟ ਦੀ ਸਿਹਤ ਸੰਭਾਲ ਅਥਾੱਰਿਟੀ ਅਤੇ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ (DSHS) ਫ਼ੈਡਰਲ ਸਿਵਿਲ ਹੱਕਾਂ ਬਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦਾ ਹੈ ਅਤੇ ਬੰਸ, ਰੰਗ, ਰਾਸ਼ਟਰੀ ਮੂਲ, ਉਮਰ, ਅਸਮਰੱਥਾ (ਅਪੰਗਤਾ) ਜਾਂ ਲਿੰਗ ਦੇ ਅਧਾਰ 'ਤੇ ਪੱਖਪਾਤ ਨਹੀਂ ਕਰਦਾ। HCA ਅਤੇ DSHS ਲੋਕਾਂ ਦੇ ਬੰਸ, ਰੰਗ, ਰਾਸ਼ਟਰੀ ਮੂਲ, ਉਮਰ, ਅਸਮਰੱਥਾ (ਅਪੰਗਤਾ) ਜਾਂ ਲਿੰਗ ਕਰਕੇ ਉਹਨਾਂ ਨੂੰ ਬਾਹਰ ਨਹੀਂ ਕਰਦਾ ਜਾਂ ਉਹਨਾਂ ਨਾਲ ਵੱਖਰਾ ਵਿਹਾਰ ਨਹੀਂ ਕਰਦਾ।

ਵਾਸ਼ਿੰਗਟਨ ਸਟੇਟ ਦੀ ਸਿਹਤ ਸੰਭਾਲ ਅਥਾੱਰਿਟੀ ਅਤੇ DSHS ਲਾਗੂ ਸਟੇਟ ਦੇ ਕਾਨੂੰਨਾਂ ਦੀ ਵੀ ਪਾਲਣਾ ਕਰਦਾ ਹੈ ਅਤੇ ਆਸਥਾ, ਲਿੰਗ, ਲਿੰਗ ਪ੍ਰਗਟਾਵੇ ਜਾਂ ਪਛਾਣ, ਜਿਨਸੀ ਰੁਝਾਨ, ਵਿਆਹੁਤਾ ਸਥਿਤੀ, ਧਰਮ, ਨੌਕਰੀ ਤੋਂ ਸਨਮਾਨ ਸਹਿਤ ਹਟਾਏ ਗਏ ਸਾਬਕਾ ਫ਼ੌਜੀ ਜਾਂ ਫ਼ੌਜੀ ਦਰਜੇ ਜਾਂ ਸਿਖਲਾਈਪ੍ਰਾਪਤ ਡਾੱਗ ਗਾਈਡ ਜਾਂ ਅਸਮਰੱਥ ਵਿਅਕਤੀ ਵਲੋਂ ਸਰਵਿਸ ਐਨੀਮਲ ਦੀ ਵਰਤੋਂ ਕੀਤੇ ਜਾਣ ਦੇ ਅਧਾਰ 'ਤੇ ਪੱਖਪਾਤ ਨਹੀਂ ਕਰਦਾ।

ਸਿਹਤ ਸੰਭਾਲ ਅਥਾੱਰਿਟੀ ਅਤੇ DSHS:

- ਅਸਮਰੱਥ (ਅਪੰਗ) ਲੋਕਾਂ ਨੂੰ ਮੁਫ਼ਤ ਸਹਾਇਕ ਉਪਕਰਣ ਅਤੇ ਸੇਵਾਵਾਂ ਮੁਹਈਆ ਕਰਦਾ ਹੈ, ਤਾਂਜੋ ਉਹ ਸਾਡੇ ਨਾਲ ਅਸਰਦਾਰ ਢੰਗ ਨਾਲ ਗੱਲਬਾਤ ਕਰ ਸਕਣ, ਜਿਵੇਂ:
    - ਸੰਕੇਤ ਭਾਸ਼ਾ ਦੇ ਯੋਗਤਾਪ੍ਰਾਪਤ ਦੁਭਾਸ਼ੀਏ
    - ਹੋਰ ਰੂਪਾਂ (ਵੱਡੇ ਅੱਖਰ, ਆੱਡੀਓ, ਪਹੁੰਚਯੋਗ ਇਲੈਕਟ੍ਰੌਨਿਕ ਰੂਪ ਅਤੇ ਹੋਰ ਰੂਪ) ਵਿਚ ਲਿਖਤੀ ਜਾਣਕਾਰੀ
- ਜਿਹਨਾਂ ਲੋਕਾਂ ਦੀ ਮਾਂ-ਬੋਲੀ ਅੰਗ੍ਰੇਜ਼ੀ ਨਹੀਂ ਹੈ, ਨੂੰ ਮੁਫ਼ਤ ਭਾਸ਼ਾ ਸੇਵਾਵਾਂ ਮੁਹਈਆ ਕਰਨਾ, ਜਿਵੇਂ:
    - ਯੋਗਤਾਪ੍ਰਾਪਤ ਦੁਭਾਸ਼ੀਏ
    - ਹੋਰਨਾਂ ਭਾਸ਼ਾਵਾਂ ਵਿਚ ਲਿਖਤੀ ਜਾਣਕਾਰੀ

ਜੇ ਤੁਹਾਨੂੰ ਇਹਨਾਂ ਸੇਵਾਵਾਂ ਦੀ ਲੋੜ ਹੈ, ਤਾਂ 1-877-501-2233 'ਤੇ ਸੰਪਰਕ ਕਰੋ।

ਜੇ ਤੁਹਾਨੂੰ ਲੱਗਦਾ ਹੈ ਕਿ ਸਿਹਤ ਸੰਭਾਲ ਅਥਾੱਰਿਟੀ ਅਤੇ DSHS ਤੁਹਾਨੂੰ ਇਹ ਸੇਵਾਵਾਂ ਮੁਹਈਆ ਕਰਾਉਣ ਵਿਚ ਨਾਕਾਮ ਰਿਹਾ ਹੈ ਜਾਂ ਕਿਸੇ ਹੋਰ ਤਰੀਕੇ ਨਾਲ ਤੁਹਾਡੇ ਨਾਲ ਪੱਖਪਾਤ ਕੀਤਾ ਹੈ, ਤਾਂ ਤੁਸੀਂ ਇਹਨਾਂ ਕੋਲ਼ ਸ਼ਿਕਾਇਤ ਦਾਇਰ ਕਰ ਸਕਦੇ ਹੋ:

**Department of Social and Health Services**

ATTN: Constituent Services
PO Box 45131
Olympia, WA 98504-5131
1-800-737-0617
ਫ਼ੈਕਸ: 1-888-338-7410

**askdshs@dshs.wa.gov**

**Health Care Authority Division of Legal Services**

ATTN: Compliance Officer (ADA/Nondiscrimination Coordinator)
PO Box 42704
Olympia. WA 98504-2704
1-855-682-0787
ਫ਼ੈਕਸ: 1-360-507-9234

**compliance@hca.wa.gov**

ਤੁਸੀਂ ਆਪਣੇ ਆਪ ਜਾਂ ਡਾਕ, ਫ਼ੈਕਸ ਜਾਂ ਈਮੇਲ ਰਾਹੀਂ ਸ਼ਿਕਾਇਤ ਦਾਇਰ ਕਰ ਸਕਦੇ ਹੋ। ਜੇ ਸ਼ਿਕਾਇਤ ਦਾਇਰ ਕਰਨ ਲਈ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਤੁਹਾਡੀ ਮਦਦ ਲਈ ਕਾਨੂੰਨੀ ਸੇਵਾਵਾਂ ਦੀ ਸਿਹਤ ਸੰਭਾਲ ਅਥਾੱਰਿਟੀ ਡਿਵੀਜ਼ਨ ਅਤੇ DSHS ਦੀਆਂ ਸੰਵਿਧਾਨਕ ਸੇਵਾਵਾਂ ਉਪਲਬਧ ਹਨ।

ਤੁਸੀਂ **https://ocrportal.hhs.gov/ocr/portal/lobby.jsf** 'ਤੇ ਇਲੈਕਟ੍ਰੌਨਿਕ ਤੌਰ 'ਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਬਾਰੇ ਅਮਰੀਕੀ ਵਿਭਾਗ, ਸਿਵਿਲ ਹੱਕਾਂ ਬਾਰੇ ਦਫ਼ਤਰ ਜਾਂ ਹੇਠਾਂ ਦਿੱਤੇ ਪਤੇ ਜਾਂ ਫੋਨ 'ਤੇ ਸਿਵਿਲ ਹੱਕਾਂ ਬਾਰੇ ਸ਼ਿਕਾਇਤ ਵੀ ਦਾਇਰ ਕਰ ਸਕਦੇ ਹੋ:

ਸਿਹਤ ਅਤੇ ਮਨੁੱਖੀ ਸੇਵਾਵਾਂ ਬਾਰੇ ਅਮਰੀਕੀ ਵਿਭਾਗ

200 Independence Avenue SW
Room 509F, HHH Building
Washington, D.C. 20201
1-800-368-1019, 800-537-7697 (TDD).

**www.hhs.gov/ocr/office/file/index.html** 'ਤੇ ਸ਼ਿਕਾਇਤ ਸਬੰਧੀ ਫ਼ਾਰਮ ਉਪਲਬਧ ਹਨ।